ਬੱਚਿਆਂ ਲਈ ਬਾਈਬਲ

ਉਪੱਸਥਿਤ

# ਇੱਕ ਪਿਆਰੇ ਪੁੱਤਰ ਦਾ ਦਾਸ ਬਨਣਾ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਬਦਲਿਆ ਗਿਆ : M. Kerr; Sarah S; Alastair P.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਇਸਹਾਕ ਬਹੁਤ ਖੁਸ਼ ਸੀਂ। ਉਸਦਾ ਪੁੱਤਰ ਯਾਕੂਬ ਘਰ ਆਇਆ ਸੀਂ। ਭਾਵੇਂ ਏਸਾਉ ਨੇਂ ਉਸਦਾ ਸਵਾਗਤ ਕੀਤਾ ਪਰ ਇੱਕ ਸਮੇਂ ਉਸ ਨੂੰ ਮਾਰਨ ਦੀ ਪ੍ਰਤੀਗਿਆ ਕੀਤੀ ਸੀਂ। ਪਰ ਯਾਕੂਬ ਦੇ ਪੁੱਤਰ ਯੂਸਫ ਦੇ ਕਾਰਨ ਖੁੱਸ਼ ਨਹੀਂ ਸਨ ਕਿਉਕਿ ਉਹਨਾਂ ਦਾ ਛੋਟਾ ਭਰਾ ਪਿਤਾ
ਦਾ ਪਿਆਰਾ ਸੀਂ।



ਜਦ ਯੂਸਫ ਨੇਂ ਆਪਣਾ ਸੁਪਣਾ ਆਪਣੇ ਭਰਾਵਾਂ ਨੂੰ ਦੱਸਿਆ ਤਾਂ ਉਹ ਹੋਰ ਗੁੱਸੇ ਵਿੱਚ ਆ ਗਏ। ਯੂਸਫ ਨੇ ਕਿਹਾ, "ਮੇਰੀ ਭਰੀ ਉੱਠ ਖੜ੍ਹੀ ਹੋਈ ਅਤੇ ਮੇਰੇ ਭਰਾਵਾਂ ਦੀਆਂ ਭਰੀਆਂ ਨੇਂ ਉਹਨੂੰ ਮੱਥਾ ਟੇਕਿਆ।" ਇਸ ਸੁਪਨੇ ਦਾ ਮਤਲਬ ਸੀਂ ਕੀ ਉਹ ਆਪਣੇ ਭਰਾਵਾਂ ਨਾਲੋਂ ਜਿਆਦਾ ਖਾਸ ਹੋਵੇਗਾ।





ਯੂਸਫ ਦੇ ਦੂਸਰੇ ਸੁਫਨੇ ਵਿੱਚ, ਸੂਰਜ, ਚੱਦ ਅਤੇ ਤਾਰਿਆਂ ਨੇਂ ਉਸਨੂੰ ਮੱਥਾ ਟੇਕਿਆ। ਇੱਥੋਂ ਤੱਕ ਯਾਕੂਬ ਵੀ ਉਸ ਤੇ ਗੁੱਸਾ ਸੀਂ ਕਿਉਂਕਿ ਉਹ ਆਪਣੇ ਆਪ ਨੂੰ ਆਪਣੇ ਮਾਤਾ-ਪਿਤਾ ਅਤੇ ਭਰਾਵਾਂ ਤੋਂ ਉੱਚਾ ਕਰ ਰਿਹਾ ਸੀਂ।

ਇੱਕ ਦਿਨ ਯਾਕੂਬ ਨੇਂ ਯੂਸਫ ਨੂੰ ਉੱਥੇ ਘੱਲਿਆ ਜਿੱਥੇ ਉਸਦੇ ਭਰਾ ਇੱਜੜ੍ਹ ਚਰਾ ਰਹੇ ਸੀਂ। ਉਸਦੇ ਭਰਾਵਾਂ ਨੇ ਉਸਨੂੰ ਆਉਂਦੇ ਵੇਖਿਆ। ਉਹ ਬੁੜਬੁੜਾਏ, "ਚਲੋ ਇਸ ਸੁਫਨੇ ਵੇਖਣ ਵਾਲੇ ਨੂੰ ਮਾਰ ਦੇਈਏ।" ਯੂਸਫ ਆਪਣੇ ਉੱਤੇ ਆਉਣ ਵਾਲੇ ਖਤਰੇ ਨੂੰ ਨਹੀਂ ਜਾਣਦਾ ਸੀਂ।



ਵੱਡਾ ਭਰਾ ਰੂਬੇਨ ਸਹਿਮਤ ਨਹੀਂ ਸੀਂ। ਉਸਨੇ ਆਖਿਆ, "ਸਾਨੂੰ ਖੂੰਨ ਨਹੀ ਬਹਾਉਣਾ ਚਾਹੀਦਾ।" "ਉਹ ਵੇਖੋ ਇੱਕ ਟੋਇਆ। ਇਸ ਨੂੰ ਉਸ ਵਿੱਚ ਮਰਨ ਦਿਉ!" ਰੂਬੇਨ ਨੇਂ ਸ਼ਾਮ ਦੇ ਵੇਲੇ ਯੂਸਫ ਨੂੰ ਬਚਾਓਣ ਦੀ ਯੋਜਨਾ ਬਣਾਈ।



ਜਦ ਯੂਸਫ
ਪਹੁੰਚਿਆ, ਉਸਦੇ
ਭਰਾਵਾਂ ਨੇ ਉਸਨੂੰ ਫੜ
ਲਿਆ, ਅਤੇ ਉਹ
ਰੰਗਦਾਰ ਕੋਟ ਜਿਹੜਾ
ਯਾਕੂਬ ਨੇਂ ਉਚੇਚਾ
ਆਪਣੇ ਪਿਆਰੇ ਪੁੱਤਰ
ਲਈ ਬਣਵਾਇਆ ਸੀਂ
ਲੈ ਲਿਆ। ਤਦ ਉਹਨਾਂ
ਨੇਂ ਉਸਨੂੰ ਡਰਾਉਣੇ ਟੋਏ
ਵਿੱਚ ਸਿੱਟ ਦਿੱਤਾ।



ਜਦੋਂ ਰੂਬੇਨ ਉਥੇ ਨਹੀਂ ਸੀਂ, ਉਸਦਾ
ਭਰਾ ਯਹੂਦਾ ਚੀਕਿਆ, ਚਲੋ ਯੂਸਫ ਨੂੰ
ਵੇਚ ਦੇਈਏ। ਸੋਦਾ ਹੋ ਗਿਆ ਸੀ।
ਉਹਨਾਂ ਨੇ ਯੂਸਫ ਨੂੰ ਚਾਂਦੀ ਦੇ ਵੀਹ
ਸਿੱਕਿਆਂ ਲਈ ਵੇਚ ਦਿੱਤਾ।



ਰੋਣਹਾਕਾ ਅਤੇ ਡਰਿਆ ਯੂਸਫ ਬੇਵੱਸ ਹੋਇਆ ਵੇਖ ਰਿਹਾ ਸੀਂ ਕੀ ਲੜਖਾਉਂਦੇ ਊਠ ਉਸਨੂੰ ਉਸਦੇ ਪਰਿਵਾਰ ਅਤੇ ਵਤਨ ਤੋਂ ਦੂਰ ਲੈਕੇ ਜਾ ਰਹੇ ਸੀਂ।





“ਕੀ ਇਹ ਯੂਸਫ ਦਾ ਕੋਟ ਹੈ? ਇਹ ਖ਼ੂਨ ਵਾਲਾ ਹੈ। ਇਹ ਸਾਨੂੰ ਜੰਗਲ ਵਿੱਚ ਮਿਲਿਆ ਸੀਂ।” ਜਾਲਮ ਭਰਾਵਾਂ ਨੇਂ ਯਾਕੂਬ ਨੂੰ ਵਿਸ਼ਵਾਸ਼ ਦਿਲਾ ਦਿੱਤਾ ਕੀ ਉਸਦੇ ਪਿਆਰੇ ਪੁੱਤਰ ਨੂੰ ਜੰਗਲੀ ਜਾਨਵਰ ਨੇਂ ਮਾਰ ਦਿੱਤਾ ਸੀਂ। ਯਾਕੂਬ ਨੇਂ ਆਪਣੇ ਕੱਪੜੇ ਫਾੜੇ ਅਤੇ ਵਿਲਾਪ ਕੀਤਾ।



ਮਿਸਰ ਵਿੱਚ, ਯੂਸਫ ਜਰੂਰ ਇਕੱਲਾ ਅਤੇ ਡਰਿਆ ਮਹਿਸੂਸ ਕਰਦਾ ਹੋਣਾ। ਹੋ ਸਕਦਾ ਹੈ ਉਹ ਘਰ ਦੀ ਤਾਂਘ ਵਿੱਚ ਹੋਵੇ। ਪਰ ਉਹ ਬਚ ਨਹੀਂ ਸਕਦਾ ਸੀਂ। ਉਹ ਇੱਕ ਖਾਸ ਮਿਸਰੀ ਪੋਟੀਫ਼ਰ ਦੇ ਘਰ ਵਿੱਚ ਦਾਸ ਸੀਂ ।ਪੋਟੀਫ਼ਰ ਨੇਂ ਵੇਖਿਆ ਕੀ ਯੂਸਫ ਹਰ ਵੇਲੇ ਸਖਤ ਮਿਹਨਤ ਕਰਦਾ ਸੀਂ ਅਤੇ ਵਿਸ਼ਵਾਸ਼ ਦਾ ਯੋਗ ਸੀਂ।

ਤੁਸੀਂ ਸਾਰੇ ਬਾਹਰ ਵੱਲ ਕੰਮ ਕਰੋ। ਇੱਕ ਦਿਨ ਪੋਟੀਫ਼ਰ ਨੇਂ ਯੂਸਫ ਨੂੰ ਆਖਿਆ। ਪਰਮੇਸ਼ਵਰ ਤੇਰੇ ਨਾਲ ਹੈ। ਮੈਂ ਚਾਹੁੰਦਾ ਹਾਂ ਕੀ ਤੂੰ ਮੇਰੇ ਸਾਰੇ ਕੰਮ ਉੱਤੇ ਅਤੇ ਸਾਰੇ ਨੋਕਰਾਂ ਉੱਤੇ ਸੁਆਮੀ ਹੋਵੇਂ।



ਯੂਸਫ ਦੇ ਕਾਰਨ ਪਰਮੇਸ਼ਵਰ ਨੇਂ ਪੋਟੀਫ਼ਰ ਨੂੰ ਚੰਗੀ ਫਸਲ ਅਤੇ ਬਹੁਤ ਧਨ ਦਿੱਤਾ। ਹੁਣ ਇੱਕ ਖਾਸ ਮਨੁੱਖ ਯੂਸਫ ਨੇਂ ਹਾਲੇ ਵੀ ਪਰਮੇਸ਼ਵਰ ਦੇ ਭਰੋਸੇ ਅਤੇ ਵਿਸ਼ਵਾਸ਼ ਨਾਲ ਸੇਵਾ ਕੀਤੀ। ਪਰ ਯੂਸਫ ਉੱਤੇ ਮੁਸੀਬਤ ਆਈ।



ਪੋਟੀਫ਼ਰ ਦੀ ਪਤਨੀ ਬੁਰੀ ਔਰਤ ਸੀਂ। ਉਸਨੇ ਯੂਸਫ ਨੂੰ ਆਪਣੇ ਪਤੀ ਦਾ ਸਥਾਨ ਲੈਣ ਲਈ ਆਖਿਆ। ਯੂਸਫ ਨੇਂ ਨਾਂਹ ਕਰ ਦਿੱਤੀ। ਉਹ ਪਰਮੇਸ਼ਵਰ ਦੇ ਸਾਹਮਣੇ ਪੋਟੀਫ਼ਰ ਦਾ ਬੁਰਾ ਨਹੀਂ ਕਰੇਗਾ।



ਜਦ ਔਰਤ ਨੇਂ ਉਸ ਨਾਲ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ, ਉਹ ਭੱਜ ਗਿਆ। ਪਰ ਉਸ ਨੇਂ ਉਸ ਦਾ ਕੋਟ ਫੜ ਲਿਆ।



"ਤੇਰੇ ਨੌਕਰ ਨੇਂ ਮੇਰੇ ਉੱਤੇ ਹਮਲਾ ਕੀਤਾ ਹੈ," ਪੋਟੀਫ਼ਰ ਦੀ ਪਤਨੀ ਨੇਂ ਸ਼ਿਕਾਇਤ ਕੀਤੀ। "ਇਹ ਵੇਖ, ਇਹ ਉਹਦਾ ਕੋਟ!" ਪੋਟੀਫ਼ਰ ਨੂੰ ਗੁੱਸਾ ਆਇਆ। ਸ਼ਾਇਦ ਉਹ ਜਾਣਦਾ ਸੀਂ ਕੀ ਉਸਦੀ ਪਤਨੀ ਝੂਠ ਬੋਲ ਰਹੀ ਸੀਂ। ਪਰ ਉਸਨੂੰ ਕੁਝ ਕਰਨਾ ਚਾਹੀਦਾ ਸੀਂ। ਉਹ ਕੀ ਕਰੇਗਾ?



ਪੋਟੀਫ਼ਰ ਨੇਂ ਯੂਸਫ ਨੂੰ ਜੇਲ ਵਿੱਚ ਸੁੱਟ ਦਿੱਤਾ। ਭਾਂਵੇਂ ਉਹ ਨਿਰਦੋਸ਼ ਸੀਂ, ਯੂਸਫ ਨਾਂ ਹੀ ਕ੍ਰੋਧਵਾਨ ਅਤੇ ਨਾਂ ਹੀ ਕੌੜਾ ਸੀਂ।



# ਇੱਕ ਪਿਆਰੇ ਪੁੱਤਰ ਦਾ ਦਾਸ ਬਨਣਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉੱਤਪਤੀ ਦੀ ਕਿਤਾਬ 37, ਉੱਤਪਤੀ ਦੀ ਕਿਤਾਬ 39

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜ਼ੀਲ 3:16